ਮਿਤੀ 08.01.2024 ਸਵੇਰੇ 11:00 ਵਜੇ ਪਿੰਡ ਛੋਹਲੇ, ਤਹਿ ਨਕੋਦਰ, ਜਿਲ੍ਹਾ ਜਲੰਧਰ ਵਿਖੇ 18.77 ਹੈਕਟੇਅਰ ਖੇਤਰ ਵਿੱਚ 229776 ਟੀ.ਪੀ.ਏ ਲਈ ਮਾਈਨਿੰਗ ਆਫ ਮਾਈਨਰ ਮੀਨਰਲ ਪ੍ਰੋਜੈਕਟ ਦੀ ਤਜਵੀਜ ਲਈ ਈ.ਆਈ.ਏ ਨੋਟੀਫਿਕੇਸ਼ਨ ਮਿਤੀ 14.09.2006 ਦੇ ਅਧੀਨ ਕੀਤੀ ਗਈ ਜਨਤਕ ਸੁਣਵਾਈ ਦੀ ਕਾਰਵਾਈ।

ਉਪਰੋਕਤ ਜਨਤਕ ਸੁਣਵਾਈ ਨੂੰ ਸੁਪਰਵਾਈਜ ਅਤੇ ਜਨਤਕ ਸੁਣਵਾਈ ਕਰਵਾਉਣ ਲਈ ਹੇਠ ਲਿਖੇ ਅਫਸਰ ਸਾਹਿਬਾਨ ਅਤੇ ਨੁਮਾਇੰਦੇ ਸ਼ਾਮਿਲ ਰਹੇ:-

1) ਸ੍ਰੀ ਗੁਰਸਿਮਰਨ ਸਿੰਘ ਢਿਲੋਂ (ਪੀ.ਸੀ.ਐਸ),
ਉਪ ਮੰਡਲ ਮੈਜਿਸਟਰੇਟ,
ਨਕੋਦਰ, ਜਿਲ੍ਹਾ ਜਲੰਧਰ।
2) ਇੰਜ. ਜਤਿੰਦਰ ਸੋਨੀ, ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ-2, ਜਲੰਧਰ।
3) ਇੰਜ. ਸੰਦੀਪ ਕੌਰ, ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ-2, ਜਲੰਧਰ।

ਜਨਤਕ ਸੁਣਵਾਈ ਦੀ ਸ਼ੁਰੂਆਤ ਵਿੱਚ ਵਾਤਾਵਰਣ ਇੰਜੀਨਿਅਰ, ਖੇਤਰੀ ਦਫਤਰ-2, ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ, ਜਲੰਧਰ ਵੱਲੋ ਮਾਨਯੋਗ ਉਪ ਮੰਡਲ ਮੈਜਿਸਟਰੇਟ, ਨਕੋਦਰ, ਜਿਲ੍ਹਾ ਜਲੰਧਰ ਅਤੇ ਜਨਤਕ ਸੁਣਵਾਈ ਵਿੱਚ ਸ਼ਾਮਿਲ ਹੋਏ ਲੋਕਾਂ ਦਾ ਸਵਾਗਤ ਕੀਤਾ ਗਿਆ ਅਤੇ ਉਪ ਮੰਡਲ ਮੈਜਿਸਟਰੇਟ, ਨਕੋਦਰ, ਜਿਲ੍ਹਾ ਜਲੰਧਰ ਪਾਸੋ ਜਨਤਕ ਸੁਣਵਾਈ ਸ਼ੁਰੂ ਕਰਨ ਦੀ ਇਜਾਜਤ ਲਈ ਗਈ। ਇਸ ਉਪਰੰਤ ਵਾਤਾਵਰਣ ਇੰਜੀਨਿਅਰ ਵੱਲੋ ਦੱਸਿਆ ਗਿਆ ਕਿ ਕਾਰਜਕਾਰੀ ਇੰਜੀਨੀਅਰ ਕਮ ਜਿਲ੍ਹਾ ਮਾਈਨਿੰਗ ਅਫਸਰ, ਡਰੇਨੇਜ਼-ਕਮ-ਮਾਈਨਿੰਗ ਅਤੇ ਜੀਓਲੋਜੀ ਡਵੀਜਨ, ਵਾਟਰ ਰੀਸੋਰਸਸ ਡਿਪਾਰਟਮੈਂਟ ਵੱਲੋ ਪਿੰਡ ਛੋਹਲੇ, ਤਹਿ ਨਕੋਦਰ, ਜਿਲ੍ਹਾ ਜਲੰਧਰ ਵਿਖੇ 18.77 ਹੈਕਟੇਅਰ ਖੇਤਰ ਵਿੱਚ 229776 ਟੀ.ਪੀ.ਏ ਦੇ ਉਤਪਾਦਨ ਲਈ ਮਾਈਨਿੰਗ ਆਫ ਮਾਈਨਰ ਮੀਨਰਲ ਪ੍ਰੋਜੈਕਟ ਦੀ ਤਜਵੀਜ ਪ੍ਰਾਪਤ ਹੋਈ ਹੈ, ਜਿਸ ਵਿੱਚ ਰੇਤ ਦੀ ਖੁਦਾਈ 03 ਸਾਲ ਤੱਕ ਕੀਤੀ ਜਾਵੇਗੀ।ਇਸ ਜਨਤਕ ਸੁਣਵਾਈ ਦੇ ਸੰਬੰਧ ਵਿੱਚ ਪਹਿਲਾਂ ਹੀ ਮਿਤੀ 06.12.2023 ਨੂੰ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋ "The Hindustan Times" ਅਤੇ "Rozana Spokesman" ਅਖਬਾਰਾਂ ਵਿੱਚ ਆਮ ਜਨਤਾ ਨੂੰ ਜਾਗਰੂਕ ਕਰਨ ਸੰਬੰਧੀ ਪਬਲਿਕ ਨੋਟਿਸ ਵੀ ਕੱਢਿਆ ਗਿਆ ਸੀ।

ਵਾਤਾਵਰਣ ਇੰਜੀਨੀਅਰ ਵੱਲੋ ਮੈਸ/ ਗਰਾਸ ਰੂਟਸ ਰਿਸਰਚ ਐਂਡ ਕਰੀਏਸ਼ਨ ਇੰਡੀਆ ਦੇ ਵਾਤਾਵਰਣ ਸਲਾਹਕਾਰ ਨੂੰ ਜਨਤਕ ਸੁਣਵਾਈ ਵਿੱਚ ਸ਼ਾਮਿਲ ਨਿਵਾਸੀਆਂ ਨੂੰ ਇਸ ਪ੍ਰੋਜੈਕਟ ਦੇ ਲੱਗਣ ਨਾਲ ਵਾਤਾਵਰਣ ਰੱਖਿਆ ਲਈ ਕੀਤੇ ਗਏ ਉਪਰਾਲੇ ਅਤੇ ਪ੍ਰੀਖਣਾਂ ਬਾਰੇ ਜਾਣਕਾਰੀ ਜਨਤਕ ਸੁਣਵਾਈ ਵਿੱਚ ਆਈ ਜਨਤਾ ਨੂੰ ਦੇਣ ਲਈ ਕਿਹਾ ਗਿਆ।ਇਸ ਪ੍ਰੋਜੈਕਟ ਬਾਰੇ ਵਾਤਾਵਰਣ ਸਲਾਹਕਾਰ ਵੱਲੋਂ ਦੱਸਿਆ ਗਿਆ ਕਿ ਪਿੰਡ ਛੋਹਲੇ, ਤਹਿ ਨਕੋਦਰ, ਜਿਲ੍ਹਾ ਜਲੰਧਰ ਵਿਖੇ 18.77 ਹੈਕਟੇਅਰ ਖੇਤਰ ਵਿੱਚ 229776 ਟੀ.ਪੀ.ਏ ਦੇ ਉਤਪਾਦਨ ਲਈ ਮਾਈਨਿੰਗ ਆਫ ਮਾਈਨਰ ਮੀਨਰਲ ਪ੍ਰੋਜੈਕਟ ਦੀ ਤਜਵੀਜ ਹੈ।

ਦੱਸਿਆ ਗਿਆ ਕਿ ਰਾਜ ਅਤੇ ਕੇਂਦਰ ਸਰਕਾਰ ਦੇ ਅਧੀਨ ਕਈ ਏਜੰਸੀਆਂ ਅਤੇ ਵਿਭਾਗਾਂ ਤੋਂ ਸੈਕੰਡਰੀ ਜਾਣਕਾਰੀ ਇਕੱਠੀ ਕੀਤੀ ਗਈ, ਜਿਸ ਮੁਤਾਬਿਕ ਐਂਬੀਐਂਟ ਏਅਰ ਕੁਆਲਿਟੀ ਮਾਨੀਟਰਿੰਗ ਦੱਸਦੀ ਹੈ ਕਿ ਸਾਰੇ 8 AAQ ਨਿਗਰਾਨੀ ਸਟੇਸ਼ਨਾਂ ਲਈ PM 10 ਦੀ ਅਧਿਕਤਮ ਗਾੜ੍ਹਾਪਣ 61.70 μg/m3 ਤੋਂ 81.0 μg/m3 ਦੀ ਰੇਂਜ ਵਿੱਚ ਪਾਈ ਗਈ। ਸਾਰੇ ਨਤੀਜੇ PM 10 (100 μg/m3), PM 2.5 (60 μg/m3), SO2 (80 μg/m3) ਅਤੇ NO2 (80 μg/m3) ਲਈ ਮਾਨਕ ਮਨਜ਼ੂਰਸੁਦਾ ਮੁੱਲਾਂ ਦੇ ਅੰਦਰ ਹਨ। ਧਰਤੀ ਹੇਠਲੇ ਪਾਣੀ ਦੇ ਸਰੋਤਾਂ ਤੋਂ 5 ਸਟੇਸ਼ਨਾਂ ਅਤੇ ਸਤਹੀ ਜਲ ਸਰੋਤ ਤੋਂ 2 ਸਟੇਸ਼ਨਾਂ ਤੇ ਪਾਣੀ ਦੇ ਨਮੂਨੇ ਇਕੱਠੇ ਕੀਤੇ ਗਏ ਸਨ ਅਤੇ ਨਮੂਨਿਆ ਦੀ ਰਿਪੋਰਟ ਮੁਤਾਬਿਕ

ਸਾਰੇ ਸਰੋਤਾਂ ਤੋਂ ਜ਼ਮੀਨੀ ਪਾਣੀ ਪੀਣ ਦੇ ਉਦੇਸ਼ਾਂ ਲਈ ਢੁਕਵਾਂ ਹੈ ਕਿਉਂਕਿ ਸਾਰੇ ਤੱਤ ਭਾਰਤੀ ਮਿਆਰ IS: 10500 ਦੁਆਰਾ ਪ੍ਰਸਾਰਿਤ ਪੀਣ ਵਾਲੇ ਪਾਣੀ ਦੇ ਮਾਪਦੰਡਾਂ ਦੁਆਰਾ ਨਿਰਧਾਰਤ ਸੀਮਾਵਾਂ ਦੇ ਅੰਦਰ ਹਨ। ਫਲੋਰਾਈਡ ਅਤੇ ਨਾਈਟਰੇਟ ਵੀ ਆਗਿਆਯੋਗ ਸੀਮਾਵਾਂ ਦੇ ਅੰਦਰ ਹਨ। ਸਤਹ ਪਾਣੀ ਦੀ ਗੁਣਵੱਤਾ ਨਤੀਜਿਆਂ ਦੇ ਆਧਾਰ ਤੇ ਇਹ ਸਪੱਸ਼ਟ ਹੁੰਦਾ ਹੈ ਕਿ ਨਮੂਨਿਆਂ ਦੇ ਜਿਆਦਾਤਰ ਮਾਪਦੰਡ CPCB ਦੇ ਸ਼੍ਰੇਣੀ 'ਸੀ' ਦੇ ਮਾਪਦੰਡਾਂ ਦੀ ਪਾਲਣਾ ਕਰਦੇ ਹਨ ਜੋ ਰਵਾਇਤੀ ਇਲਾਜ ਅਤੇ ਰੋਗਾਣੂ-ਮੁਕਤ ਕਰਨ ਤੋਂ ਬਾਅਦ ਪੀਣ ਵਾਲੇ ਪਾਣੀ ਦੇ ਸਰੋਤ ਲਈ ਉਹਨਾਂ ਦੀ ਅਨੁਕੂਲਤਾ ਨੂੰ ਦਰਸਾਉਂਦੇ ਹਨ।

ਦੱਸਿਆ ਗਿਆ ਕਿ 5 ਸਟੇਸ਼ਨਾਂ ਤੇ ਦੇਖੇ ਗਏ ਸ਼ੋਰ ਦੇ ਮੁੱਲ ਮੁੱਖ ਤੌਰ ਤੇ ਵਾਹਨਾਂ ਦੀ ਆਵਾਜਾਈ ਅਤੇ ਹੋਰ ਮਾਨਵ-ਜਨਕ ਗਤੀਵਿਧੀਆਂ ਦੇ ਕਾਰਨ ਹਨ।ਸ਼ੋਰ ਮਾਨੀਟਰਿੰਗ ਦੱਸਦੀ ਹੈ ਕਿ ਦਿਨ ਵੇਲੇ ਘੱਟੋ-ਘੱਟ ਅਤੇ ਵੱਧ ਤੋਂ ਵੱਧ ਸ਼ੋਰ ਪੱਧਰ 46.9 dB (A) ਦਰਜ ਕੀਤੇ ਗਏ ਸਨ। ਸਰਕਾਰੀ ਪ੍ਰਾਇਮਰੀ ਸਕੂਲ, ਵਿਖੇ ਕ੍ਰਮਵਾਰ 59.8 dB (A) ਹੈ। ਰਾਤ ਦੇ ਸਮੇਂ ਘੱਟ ਤੋਂ ਘੱਟ ਅਤੇ ਵੱਧ ਤੋਂ ਵੱਧ ਸ਼ੋਰ ਦਾ ਪੱਧਰ 36.2 dB (A) ਅਤੇ 48.9 dB (A) ਪਾਇਆ ਗਿਆ ਹੈ। ਅਧਿਐਨ ਖੇਤਰ ਦੇ 10 ਕਿਲੋਮੀਟਰ ਜ਼ੋਨ ਦੇ ਅੰਦਰ ਰੌਲੇ ਦੀ ਗੁਣਵੱਤਾ ਦੀ ਸਥਿਤੀ ਦਿਨ ਅਤੇ ਰਾਤ ਲਈ ਕ੍ਰਮਵਾਰ ਸੀ.ਪੀ.ਸੀ.ਬੀ ਮਾਪਦੰਡਾਂ ਦੇ ਅੰਦਰ ਹੈ।

ਦੱਸਿਆ ਗਿਆ ਕਿ ਪ੍ਰਸਤਾਵਿਤ ਪ੍ਰੋਜੈਕਟ ਹੁਨਰਮੰਦ/ਅਕੁਸ਼ਲ ਅਤੇ ਅਰਧ-ਹੁਨਰਮੰਦ ਮਜ਼ਦੂਰਾਂ ਅਤੇ ਸਥਾਨਕ ਲੋਕਾਂ ਨੂੰ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਆਵਾਜਾਈ, ਭੋਜਨ ਪੁਆਇੰਟ, ਪੌਦੇ ਲਗਾਉਣ ਦੀਆਂ ਗਤੀਵਿਧੀਆਂ, ਪਾਣੀ ਦੇ ਟੈਂਕਰ ਦੀ ਸਪਲਾਈ, ਹੈਂਡ ਉਪਕਰਣ ਆਦਿ ਵਿੱਚ ਅਸਿੱਧੇ ਤੌਰ ਤੇ ਰੁਜ਼ਗਾਰ ਮਿਲੇਗਾ। ਪ੍ਰੋਜੈਕਟ ਦੇ ਸਕਾਰਾਤਮਕ ਸਮਾਜਿਕ-ਆਰਥਿਕ ਪ੍ਰਭਾਵ ਹੋਣ ਦੀ ਉਮੀਦ ਹੈ, ਜਿਸ ਵਿੱਚ ਸਥਾਨਕ ਰੁਜ਼ਗਾਰ ਦੇ ਮੌਕੇ ਅਤੇ ਰਾਇਲਟੀ, ਆਬਕਾਰੀ ਅਤੇ ਟੈਕਸਾਂ ਰਾਹੀਂ ਸਰਕਾਰੀ ਮਾਲੀਏ ਵਿੱਚ ਵਾਧਾ ਸ਼ਾਮਲ ਹੈ।ਇਸ ਤੋਂ ਇਲਾਵਾ, ਇਹ ਔਸਤ ਆਮਦਨ ਦੇ ਪੱਧਰ ਨੂੰ ਵਧਾਉਣ ਦੀ ਉਮੀਦ ਕਰਦਾ ਹੈ, ਜਿਸ ਨਾਲ ਸਥਾਨਕ ਆਬਾਦੀ ਦੇ ਸਮੁੱਚੇ ਜੀਵਨ ਪੱਧਰ ਵਿੱਚ ਸੁਧਾਰ ਹੁੰਦਾ ਹੈ।

ਇਸ ਤੋ ਬਾਅਦ ਜਨਤਕ ਸੁਣਵਾਈ ਵਿੱਚ ਹਾਜਿਰ ਕੁੱਲ 28 ਇਲਾਕਾ ਨਿਵਾਸੀਆਂ ਨੂੰ ਵਾਤਾਵਰਣ ਇੰਜੀਨਿਅਰ ਵੱਲੋ ਬੇਨਤੀ ਕੀਤੀ ਗਈ ਕਿ ਜੇਕਰ ਇਸ ਪ੍ਰੋਜੈਕਟ ਦੇ ਲੱਗਣ ਨਾਲ ਵਾਤਾਵਰਣ ਦੀ ਰੱਖਿਆ ਸੰਬੰਧੀ ਆਪਣੇ ਵਿਚਾਰ, ਸੁਝਾਅ, ਟਿੱਪਣੀਆ ਅਤੇ ਇਤਰਾਜ ਹਨ ਤਾਂ ਮਾਇਕ ਵਿੱਚ ਆਪਣਾ ਅਤੇ ਪਿੰਡ ਦਾ ਨਾਂ ਦੱਸਕੇ ਦਰਜ ਕਰਵਾ ਸਕਦੇ ਹਨ।ਇਸਤੋ ਬਾਅਦ ਇਸ ਜਨਤਕ ਸੁਣਵਾਈ ਵਿੱਚ ਆਏ ਹੋਏ ਲੋਕਾਂ ਵੱਲੋ ਹੇਠ ਲਿਖੇ ਅਨੁਸਾਰ ਪ੍ਰਸ਼ਨ ਉਠਾਏ ਗਏ।

| ਪ੍ਰਸ਼ਨ ਨੰਬਰ | ਪ੍ਰਸ਼ਨ ਪੁੱਛਣ ਵਾਲੇ ਵਿਅਕਤੀ ਦਾ ਨਾਂਮ ਅਤੇ ਪਤਾ | ਵਿਅਕਤੀ ਵੱਲੋ ਪੁੱਛਿਆ ਗਿਆ ਪ੍ਰਸ਼ਨ | ਇੰਨਵਾਇਰਮੈਂਟਲ ਇੰਪੈਕਟ ਸਟੱਡੀ ਕਰਨ ਲਈ ਹਾਇਰ ਕੀਤੇ ਗਏ ਕੰਸਲਟੈਂਟ ਵੱਲੋ ਦਿੱਤਾ ਗਿਆ ਜਵਾਬ |
|---|---|---|---|
| 1. | ਸ਼੍ਰੀ ਬਖਸ਼ੀਸ਼ ਸਿੰਘ, ਪਿੰਡ ਛੋਹਲੇ, ਤਹਿ ਨਕੋਦਰ, ਜਿਲ੍ਹਾ ਜਲੰਧਰ | ਪਿੰਡ ਦੀਆ ਸੜਕਾਂ ਦਾ ਖਿਆਲ ਰੱਖਿਆ ਜਾਵੇ ਅਤੇ ਕੰਮ ਚਲਦੇ ਦੋਰਾਨ ਸਕੂਲ ਵਿੱਚ ਆ ਜਾ ਰਹੇ ਬੱਚਿਆ ਦੀ ਸੁਰੱਖਿਆ ਦਾ ਧਿਆਨ ਰੱਖਿਆ ਜਾਵੇ। | ਵਾਤਾਵਰਣ ਸਲਾਹਕਾਰ ਵੱਲੋ ਦੱਸਿਆ ਗਿਆ ਕਿ ਸੜਕਾਂ ਦਾ ਧਿਆਨ ਰੱਖਿਆ ਜਾਵੇਗਾ ਅਤੇ ਵਾਹਨ ਚੱਲਣ ਨਾਲ ਉਡ ਰਹੀ ਧੂੜ ਮਿਟੀ ਨੂੰ ਰੋਕਣ ਲਈ ਪਾਣੀ ਦਾ ਛਿੜਕਾ ਕੀਤਾ ਜਾਵੇਗਾ ਅਤੇ ਬੱਚਿਆ ਦੀ ਸੁਰੱਖਿਆ ਦਾ ਧਿਆਨ ਰੱਖਿਆ ਜਾਵੇਗਾ। |
| 2. | ਸ਼੍ਰੀ ਸੁਖਦੇਵ ਸਿੰਘ, ਪਿੰਡ ਛੋਹਲੇ, ਤਹਿ ਨਕੋਦਰ, ਜਿਲ੍ਹਾ ਜਲੰਧਰ | ਪੁਲ ਤੇ ਚੜ ਰਹੀ ਸੜਕ ਨੂੰ ਦਰੁਸਤ ਰੱਖਿਆ ਜਾਵੇ ਅਤੇ ਬੱਚਿਆ ਅਤੇ ਨਗਰ ਵਾਸੀਆਂ ਦੀ ਸੁਰੱਖਿਆ ਦਾ ਧਿਆਨ ਰੱਖਿਆ ਜਾਵੇ। | ਵਾਤਾਵਰਣ ਸਲਾਹਕਾਰ ਵੱਲੋ ਦੱਸਿਆ ਗਿਆ ਕਿ ਪੁਲ ਤੇ ਚੜ ਰਹੀ ਸੜਕ ਨੂੰ ਦਰੁਸਤ ਰੱਖਿਆ ਜਾਵੇਗਾ ਅਤੇ ਬੱਚਿਆ ਅਤੇ ਨਗਰ ਵਾਸੀਆਂ ਦੀ ਸੁਰੱਖਿਆ ਦਾ ਧਿਆਨ ਰੱਖਿਆ ਜਾਵੇਗਾ। |

ਇਸ ਤੋ ਬਾਅਦ ਵਾਤਾਵਰਣ ਇੰਜੀਨਿਅਰ ਵੱਲੋ ਇਸ ਜਨਤਕ ਸੁਣਵਾਈ ਵਿੱਚ ਹਾਜਿਰ ਹੋਏ ਇਲਾਕਾ ਨਿਵਾਸੀਆਂ ਨੂੰ ਉਕਤ ਪ੍ਰੋਜੈਕਟ ਦੇ ਨਾਂ ਲੱਗਣ ਦੇ ਪੱਖ ਵਿੱਚ ਹੱਥ ਉਠਾ ਕੇ ਸਹਿਮਤੀ ਪ੍ਰਗਟਾਉਣ ਲਈ ਕਿਹਾ ਗਿਆ ਪ੍ਰੰਤੂ ਇਸ ਪ੍ਰੋਜੈਕਟ ਦੇ ਨਾਂ ਲੱਗਣ ਦੇ ਪੱਖ ਵਿੱਚ ਪੰਡਾਲ ਵਿੱਚ ਆਏ ਲੋਕਾ ਵੱਲੋ ਹੱਥ ਨਹੀ ਉਠਾਇਆ ਗਿਆ।

ਇਸ ਉਪਰੰਤ ਵਾਤਾਵਰਣ ਇੰਜੀਨਿਅਰ ਵੱਲੋ ਇਸ ਜਨਤਕ ਸੁਣਵਾਈ ਵਿੱਚ ਆਏ ਹੋਏ ਲੋਕਾਂ ਨੂੰ ਉਕਤ ਪ੍ਰੋਜੈਕਟ ਦੇ ਲੱਗਣ ਦੇ ਪੱਖ ਵਿੱਚ ਹੱਥ ਉਠਾ ਕੇ ਸਹਿਮਤੀ ਪ੍ਰਗਟਾਉਣ ਲਈ ਕਿਹਾ ਗਿਆ ਅਤੇ ਜਨਤਕ ਸੁਣਵਾਈ ਵਿੱਚ ਆਏ ਲੋਕਾਂ ਵੱਲੋ ਹੱਥ ਉਠਾ ਕੇ ਇਸ ਪ੍ਰੋਜੈਕਟ ਸੰਬੰਧੀ ਸਹਿਮਤੀ ਦਾ ਪ੍ਰਗਟਾਵਾ ਕੀਤਾ ਗਿਆ।

ਵਾਤਾਵਰਣ ਇੰਜੀਨਿਅਰ ਵੱਲੋ ਜਨਤਕ ਸੁਣਵਾਈ ਵਿੱਚ ਆਏ ਹੋਏ ਸਾਰੇ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ ਗਿਆ ਅਤੇ ਉਪ ਮੰਡਲ ਮੈਜਿਸਟਰੇਟ, ਨਕੋਦਰ, ਜ਼ਿਲ੍ਹਾ ਜਲੰਧਰ ਜੀ ਦੀ ਪ੍ਰਵਾਨਗੀ ਨਾਲ ਜਨਤਕ ਸੁਣਵਾਈ ਸਮਾਪਤ ਕਰ ਦਿੱਤੀ ਗਈ।

ਗੁਰਸਿਮਰਨ ਸਿੰਘ ਢਿਲੋਂ, ਪੀ.ਸੀ.ਐਸ
ਉਪ ਮੰਡਲ ਮੈਜਿਸਟਰੇਟ,
ਨਕੋਦਰ, ਜਿਲ੍ਹਾ ਜਲੰਧਰ

ਇੰਜ. ਜਤਿੰਦਰ ਸੋਨੀ,
ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ-2, ਜਲੰਧਰ

ਇੰਜ. ਸੰਦੀਪ ਕੌਰ,
ਸਹਾਇਕ ਵਾਤਾਵਰਣ ਇੰਜੀਨੀਅਰ,
ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ,
ਖੇਤਰੀ ਦਫਤਰ-2, ਜਲੰਧਰ